# ਲਾਈਫ਼ ਜੈਕੇਟ ਨੂੰ ਸਹੀ ਤਰੀਕੇ ਨਾਲ ਕਿਵੇਂ ਫ਼ਿੱਟ ਕਰੀਏ




## ਢੁਕਵੇਂ ਭਾਰ ਜਾਂ ਛਾਤੀ ਦੇ ਅਕਾਰ ਲਈ ਲਾਈਫ਼ ਜੈਕੇਟ ਦੇ ਲੇਬਲ ਨੂੰ ਦੇਖੋ।

ਲਾਈਫ਼ ਜੈਕੇਟ ਦੇ ਲੇਬਲ ਉੱਪਰ ਇਸਨੂੰ ਵਰਤਣ ਵਾਲੇ ਨਿਰਧਾਰਤ ਵਿਅਕਤੀ ਦੇ ਅਕਾਰ ਅਤੇ ਭਾਰ ਬਾਰੇ ਦੱਸਿਆ ਹੋਵੇਗਾ। ਇਹ ਪੱਕਾ ਕਰੋ ਕਿ ਇਸਨੂੰ ਪਹਿਨਣ ਵਾਲੇ ਵਿਅਕਤੀ ਦਾ ਮਾਪ ਇਹਨਾਂ ਸੀਮਾਵਾਂ ਦੇ ਅੰਦਰ ਹੋਵੇ। ਇਸ ਗੱਲ ਦੀ ਪੜਤਾਲ ਕਰੋ ਕਿ ਲਾਈਫ਼ ਜੈਕੇਟ ਦੇ ਲੇਬਲ ਉੱਪਰ "ਕੋਸਟ ਗਾਰਡ ਦੁਆਰਾ ਮਨਜ਼ੂਰਸ਼ੁਦਾ ਲਿਖਿਆ ਹੋਵੇ।"




## ਲਾਈਫ਼ ਜੈਕੇਟ ਪਹਿਨੋ।

ਜਾਂਚ ਕਰੋ ਕਿ ਲਾਈਫ਼ ਜੈਕੇਟ ਕਿਤੋਂ ਫਟੀ ਜਾਂ ਘਸੀ ਹੋਈ ਨਾ ਹੋਵੇ। ਚੇਤਾਵਨੀ ਦੇ ਚਿੰਨ੍ਹਾਂ ਵਿੱਚ ਉਧੜੀ ਜਾਂ ਫਟੀ ਹੋਈ ਹੋਣਾ ਅਤੇ ਗਾਇਬ ਜਾਂ ਟੁੱਟੇ ਹੋਏ ਬੱਕਲ ਜਾਂ ਬੱਧਰੀਆਂ (ਤਣੀਆਂ) ਸ਼ਾਮਲ ਹਨ।




## ਸਾਰੀਆਂ ਬੱਧਰੀਆਂ ਨੂੰ ਬੱਕਲਾਂ ਨਾਲ ਬੰਨ੍ਹੋ ਅਤੇ ਕੱਸੋ ਜਾਂ ਸਾਰੇ ਜ਼ਿੱਪਰਾਂ ਨੂੰ ਜ਼ਿੱਪ ਲਾ ਕੇ ਬੰਦ ਕਰੋ।

ਇਹ ਪੱਕਾ ਕਰੋ ਕਿ ਸਾਰੀਆਂ ਬੱਧਰੀਆਂ ਨੂੰ ਬੱਕਲਾਂ ਨਾਲ ਬੰਨ੍ਹਿਆ ਜਾ ਸਕਦਾ ਹੈ ਅਤੇ ਜ਼ਿੱਪਰਾਂ ਨੂੰ ਜ਼ਿੱਪ ਲਾ ਕੇ ਬੰਦ ਕੀਤਾ ਜਾ ਸਕਦਾ ਹੈ।
ਜੇ ਮੋਢਿਆਂ, ਕਮਰ ਅਤੇ ਪੱਟਾਂ ਨੂੰ ਆਪਸ ਵਿੱਚ ਕੱਸਣ ਵਾਲੀ ਬੱਧਰੀ (ਕ੍ਰੌਚ ਸਟ੍ਰੈਪ) ਹੋਵੇ ਤਾਂ ਉਸਨੂੰ ਲਾਉਣਾਨਾ ਭੁੱਲੋ!




## ਪਹਿਨਣ ਵਾਲੇ ਵਿਅਕਤੀ ਨੂੰ ਆਪਣੀਆਂ ਬਾਂਹਵਾਂ ਸਿਰ ਤੋਂ ਉੱਪਰ ਚੁੱਕਦੇ ਹੋਏ ਅਤੇ ਉਹਨਾਂ ਨੂੰ ਹੌਲੀ ਜਿਹੇ ਲਾਈਫ਼ ਜੈਕੇਟ ਦੀਆਂ ਬਾਂਹਵਾਂ ਵਿੱਚੋਂ ਉੱਪਰ ਨੂੰ ਲੰਘਾਉਣ ਲਈ ਕਹੋ।

ਜੇ ਜੈਕੇਟ ਉਹਨਾਂ ਦੇ ਕੰਨਾਂ ਉੱਪਰ ਚੜ੍ਹ ਜਾਂਦੀ ਹੈ, ਤਾਂ ਇਹਬਹੁਤ ਵੱਡੀ ਹੈ। ਜੇ ਬੱਧਰੀਆਂ ਜਾਂ ਜ਼ਿੱਪਰ ਬੰਦ ਨਹੀਂਹੁੰਦੇ ਹਨ, ਤਾਂ ਜੈਕੇਟ ਬਹੁਤ ਛੋਟੀ ਹੈ।



